This question paper contains 3 printed pages]

*Your Roll No*..........................

**793**

**B.A. (PROGRAMME)/I** **D**

PUNJABI LANGUAGE (B)—Paper I

(Intermediate Punjabi)

(Admissions of 2004/2006 and onwards in respect of the students of regular colleges/NCWEB.)

*Time* : 3 *Hours* *Maximum Marks* : 75

*(Write your Roll No. on the top immediately on receipt of this question paper.)*

*Note* :— The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

**ਨੋਟ** : ਸਾਰੇ ਪ੍ਰਸ਼ਨਾਂ ਦੇ ਉੱਤਰ ਕਰਨੇ ਜ਼ਰੂਰੀ ਹਨ।

1. ਬੈਂਕ ਦੇ ਮੈਨੇਜਰ ਨੂੰ ਬੈਂਕ ਦੇ ਕਿਸੇ ਕਲਰਕ ਦੇ ਰੁੱਖੇ ਵਤੀਰੇ ਪ੍ਰਤੀ ਸ਼ਿਕਾਇਤ ਪੱਤਰ ਲਿਖੋ। 10

**ਜਾਂ**

ਆਪਣੇ ਕਾਲਜ ਦੇ ਪ੍ਰਿੰਸੀਪਲ ਨੂੰ ਫ਼ੀਸ ਮੁਆਫ਼ੀ ਲਈ ਬੇਨਤੀ ਪੱਤਰ ਲਿਖੋ।

P.T.O.

2. ਕਿਸੇ ਪ੍ਰਸਿੱਧ ਪੰਜਾਬੀ ਕਹਾਣੀ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ। 10

3. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇਕ** ਉੱਤੇ ਪੈਰ੍ਹਾ ਲਿਖੋ : 10

(ੳ) ਮਨ ਜੀਤੈ ਜਗੁ ਜੀਤੁ

(ਅ) ਭ੍ਰਿਸ਼ਟਾਚਾਰ

(ੲ) ਦਿੱਲੀ ਦੀ ਬਦਲਦੀ ਤਸਵੀਰ

4. ਆਪਣੇ ਬਾਰੇ ਜਾਣਕਾਰੀ ਦੇਣ ਲਈ **ਦੱਸ** ਵਾਕ ਲਿਖੋ। 10

5. (ੳ) ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ :- 5

ਸ਼ੈਰ, ਅੰਮ੍ਰਤਸਰ, ਯਾਨੀ, ਦੁੱਦ, ਰਖਨਾਂ

(ਅ) ਹੇਠ ਲਿਖੇ ਅਗੇਤਰਾਂ-ਪਿਛੇਤਰਾਂ ਦੀ ਮਦਦ ਨਾਲ **ਦੋ-ਦੋ** ਸ਼ਬਦ ਬਣਾਓ :- 5

ਕਾਰੀ, ਸੰਗ, ਸੰਤਾਨ, ਨਿਰ, ਉਪ

(ੲ) ਹੇਠ ਲਿਖੇ ਬਹੁ-ਅਰਥਕ ਸ਼ਬਦਾਂ ਨੂੰ **ਦੋ-ਦੋ** ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਉਹ ਅੱਲਗ-ਅੱਲਗ ਅਰਥ ਦੇਣ :- 5

ਘੜੀ, ਤਰ, ਖੱਟੀ, ਗੱਡੀ

6. ਆਪਣੀ ਕੋਈ ਵੀ ਮਨ-ਪਸੰਦ ਪਕਵਾਨ ਵਿਧੀ ਸਮਗਰੀ ਸਮੇਤ ਲਿਖੋ। 10

7. ਹੇਠ ਲਿਖੇ ਪੈਰ੍ਹੇ ਦਾ ਸਾਰਾਂਸ਼ ਦਿਉ ਅਤੇ ਸਿਰਲੇਖ ਵੀ ਲਿਖੋ :- 10

"ਜੇ ਕਾਰਲਾਈਲ ਆਪਣੀ ਤੀਵੀਂ ਨੂੰ ਪਿਆਰ ਕਰਦਾ ਤਾਂ ਉਹ ਇੰਨਾਂ ਕ੍ਰਿਝੂ ਤੇ ਸੜੀਅਲ ਨਾ ਹੁੰਦਾ। ਉਹ ਆਪਣੇ ਕਮਰੇ ਵਿੱਚ ਬੈਠਾ ਪੜ੍ਹਦਾ ਜਾਂ ਲਿਖਦਾ ਰਹਿੰਦਾ ਸੀ ਅਤੇ ਉਸ ਦੀ ਵਹੁਟੀ ਵੱਖ ਬਰਾਂਡੇ ਵਿੱਚ ਬੈਠੀ ਆਏ ਗਏ ਨੂੰ ਤ੍ਰਾਂਹਦੀ ਰਹਿੰਦੀ। ਜਦ ਕਦੀ ਉਹ ਹੀ ਆ ਕਰਕੇ ਉਸ ਦੇ ਕਮਰੇ ਦਾ ਬੂਹਾ ਖੋਲ੍ਹ ਕੇ ਅੰਦਰ ਝਾਕਦੀ ਤਾਂ ਉਹ ਖਿੱਝ ਕੇ ਖਾਣ ਨੂੰ ਪੈਂਦਾ ਅਤੇ ਉਸ ਨੂੰ ਤ੍ਰਾਹ ਕੇ ਬਾਹਰ ਕੱਢ ਦਿੰਦਾ। ਉਸ ਦਾ ਸਾਰੇ ਸੰਸਾਰ ਨੂੰ 'ਚੁੱਪ' ਦੇ ਮਜ਼ਬੂਨ ਉੱਤੇ ਅਮੁੱਕ ਸਿੱਖਿਆ ਦੇਣ ਦਾ ਕੀ ਲਾਭ ਜਦ ਉਸਦੀ ਆਪਣੀ ਕਲਮ ਚੁੱਪ ਨਹੀ ਕਰਦੀ ਅਤੇ ਅਹਿਮਦ ਨਾਈ ਦੀ ਕੈਂਚੀ ਵਾਂਗ ਲੁਤਰ ਲੁਤਰ ਕਰਦੀ ਰਹਿੰਦੀ ਹੈ? ਉਸਦੇ ਲੰਮੇ ਲੰਮੇ ਲੇਖ ਲਿਖ ਕੇ ਲੋਕਾਂ ਨੂੰ ਚਾਬਕ ਵਰ੍ਹਦੀ ਤਾੜਨਾ ਕਰਨ ਦਾ ਕੀ ਲਾਭ ਜੇ ਉਹ ਆਪ ਇਕ ਘਰ ਦੀ ਸੁਆਣੀ ਨੂੰ ਵੀ ਆਰਾਮ ਨਾ ਦੇ ਸੱਕਿਆ?"